ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

# ਦਿਵਾਲੀ ਮੇਲੇ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਲਗਾਈਆਂ ਜਾਣਗੀਆਂ ਪ੍ਰਦਰਸ਼ਨੀਆਂ

## ਪ੍ਰਤਾਪ ਬਾਗ ਵਿੱਚ 14 ਤੇ 15 ਅਕਤੂਬਰ ਨੂੰ ਲੱਗੇਗਾ ਦੀਵਾਲੀ ਮੇਲਾ

## ਘਰੇਲੂ ਉਦਯੋਗ ਨੂੰ ਉਤਸਾਹਿਤ ਕਰਨ ਹਿੱਤ ਹੋ ਰਿਹਾ ਹੈ ਮੇਲਾ

ਫਾਜ਼ਿਲਕਾ 12 ਅਕਤੂਬਰ

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਦੱਸਿਆ ਕਿ ਦਿਵਾਲੀ ਦੇ ਪਵਿੱਤਰ ਤਿਉਹਾਰ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 14 ਤੇ 15 ਅਕਤੂਬਰ ਨੂੰ ਪ੍ਰਤਾਪ ਬਾਗ ਵਿਖੇ ਲਗਾਏ ਜਾ ਰਹੇ ਦੀਵਾਲੀ ਮੇਲੇ ਦੌਰਾਨ ਘਰੇਲੂ ਉਦਯੋਗ ਨੂੰ ਉਤਸਾਹਿਤ ਕਰਨ ਹਿੱਤ ਵੱਖ-ਵੱਖ ਕਿੱਤਿਆਂ ਨਾਲ ਸਬੰਧਤ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਲਗਾਇਆਂ ਜਾ ਰਹੀਆਂ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਉਦਯੋਗ ਕੇਂਦਰ ਦੇ ਸਹਿਯੋਗ ਨਾਲ ਲਗਾਏ ਜਾਣ ਵਾਲੇ ਇਸ ਮੇਲੇ ਦੌਰਾਨ ਘੁਮਿਹਾਰ ਭਾਈਚਾਰੇ ਵੱਲੋਂ ਦੀਵਾਲੀ ਮੌਕੇ ਹੱਥੀ ਤਿਆਰ ਕੀਤੇ ਜਾਣ ਵਾਲੇ ਸਾਜ਼ੋ-ਸਮਾਨ ਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਪ੍ਰਦਰਸ਼ਨੀ ਜ਼ਿਲ੍ਹੇ ਅੰਦਰ ਉਦਯੋਗ ਨੂੰ ਉਤਸਾਹਿਤ ਕਰਨ ਹਿੱਤ ਲਾਹੇਵੰਦ ਸਾਬਿਤ ਹੋਵੇਗੀ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਮੌਕੇ ਪੋਇਟਰੀ ਤੇ ਲਾਇਵ ਪੋਇਟਰੀ ਵੱਲੋਂ ਮਿੱਟੀ ਦੇ ਬਣੇ ਸਮਾਨ, ਗੁਰੂ ਹਰਿਕ੍ਰਿਸ਼ਨ ਆਈ.ਟੀ.ਆਈ ਵੱਲੋਂ ਖਿਡੌਣੇ, ਸਿੱਖਿਆ ਵਿਭਾਗ ਵੱਲੋਂ ਗਰੀਨ ਦੀਵਾਲੀ ਮਨਾਉਣ ਦਾ ਸੰਦੇਸ਼, ਸਪੈਸ਼ਲ ਵਿਦਿਆਰਥੀਆਂ ਵੱਲੋਂ ਮੋਮਬੱਤੀਆਂ ਤੇ ਲੈਂਪ, ਜਯੋਤੀ ਬੀਐਡ ਤੇ ਡੀ.ਏ.ਵੀ. ਕਾਲਜ ਵੱਲੋਂ ਖਿਡੌਣੇ ਤੇ ਪੇਂਟਿੰਗ, ਆਈ.ਐਮ.ਐਫ.ਐਲ ਵੱਲੋਂ ਘਿਉ, ਦੁੱਧ, ਜੂਸ, ਬਾਲਾ ਜੀ ਰਾਇਸ ਮਿੱਲਸ ਵੱਲੋਂ ਚਾਵਲ, ਪੂਰਨ ਚੰਦ ਵੱਲੋਂ ਨਮਕੀਨ ਭੁਜੀਆ, ਨਿਰਮਲ ਸਿੰਘ ਵੱਲੋਂ ਸ਼ਹਿਦ, ਲੱਸੀ, ਖੇਤੀਬਾੜੀ ਵਿਭਾਗ ਵੱਲੋਂ ਲਿਟਰੈਚਰ, ਜਿਆਣੀ ਨੈਚੁਰਲ ਫਾਰਮ ਵੱਲੋਂ ਗੁੜ, ਮਾਲਟਾ, ਸਰ੍ਹੋਂ ਦਾ ਤੇਲ, ਕ੍ਰਿਸ਼ਨ ਲਾਲ ਵੱਲੋਂ ਜੂਟ ਅਤੇ ਪੇਪਰ ਕੈਰੀ ਬੈਗ ਆਦਿ ਵੱਲੋਂ ਆਪਣੀਆਂ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ। ਇਸ ਤੋਂ ਇਲਾਵਾ ਵੇਰਕਾ, ਓਪੋ, ਵੀਵੋ, ਸੂਰੀਆ ਮੋਟਰਜ਼ ਵੱਲੋਂ ਵੀ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ।

ਡਿਪਟੀ ਕਮਿਸ਼ਨਰ ਸ੍ਰੀਮਤੀ ਈਸ਼ਾ ਕਾਲੀਆ ਨੇ ਜ਼ਿਲ੍ਹੇ ਅੰਦਰ ਹੱਥੀ ਵਸਤਾਂ ਤਿਆਰ ਕਰਨ ਵਾਲੇ ਘਰੇਲੂ ਅਤੇ ਹੋਰ ਉਦਯੋਗਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਇਸ ਮੇਲੇ ਵਿਖੇ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ।